ਨੌਵੀਂ ਵਿਧਾਨ ਸਭਾ
ਪੰਜਵਾਂ ਸਮਾਗਮ

# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

**ਸੋਮਵਾਰ, 27 ਅਗਸਤ, 2018**

**2.00 ਵਜੇ ਬਾਅਦ ਦੁਪਹਿਰ**

.................

**I. ਪ੍ਰਸ਼ਨ**

ਵੱਖ ਸੂਚੀ ਵਿਚ ਦਰਜ਼ ਪ੍ਰਸ਼ਨ ਪੁੱਛੇ ਜਾਣਗੇ ਅਤੇ ਉੱਤਰ ਦਿੱਤੇ ਜਾਣਗੇ।

**II. ਮਾਨਯੋਗ ਸਪੀਕਰ /ਸਕੱਤਰ ਦੁਆਰਾ ਐਲਾਨ**

**III. ਧਿਆਨ ਦਿਵਾਊ ਨੋਟਿਸ**

1. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ:**- ਸਥਾਨਕ ਸਰਕਾਰ ਮੰਤਰੀ ਦਾ ਧਿਆਨ ਪੰਜਾਬ ਦੀਆਂ ਮੁੱਖ ਸੜਕਾ, ਗਲੀਆਂ ਅਤੇ ਖੇਤਾਂ ਵਿੱਚ ਅਵਾਰਾ ਘੁੰਮ ਰਹੇ ਪਸ਼ੂਆਂ ਅਰਥਾਤ ਗਾਵਾਂ, ਵੱਛਿਆਂ, ਸਾਨ੍ਹਾਂ ਆਦਿ ਕਾਰਣ ਲੋਕਾਂ ਦੁਆਰਾ ਸਾਹਮਣਾਂ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਵੱਲ ਦਿਵਾਉਣਗੇ।

(ਨੰ: 1)

2. i) **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ:**
   ii) **ਸ਼੍ਰੀ ਸੋਮ ਪ੍ਰਕਾਸ਼, ਐਮ.ਐਲ.ਏ**
   iii) **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਐਮ.ਐਲ.ਏ**
   iv) **ਸ਼੍ਰੀ ਅਮਨ ਅਰੋੜਾ, ਐਮ.ਐਲ.ਏ** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਪੰਜਾਬ ਵਿੱਚ ਜਬਤ ਕੀਤੇ ਗਏ ਨਕਲੀ ਦੁੱਧ ਤੋਂ ਬਣੇ ਉਤਪਾਦ ਅਤੇ ਵਰਤੇ ਜਾ ਰਹੇ ਕੈਮੀਕਲਾਂ ਦੀ ਮਿਲਾਵਟ ਵਿਰੁੱਧ ਸਖਤ ਕਾਨੂੰਨ ਬਣਾਉਣ ਵੱਲ ਦਿਵਾਉਣਗੇ।

(ਨੰ: 4 ਅਤੇ 7)

3. i) **ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ:**
   ii) **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਐਮ.ਐਲ.ਏ** ਵਾਤਾਵਰਣ ਮੰਤਰੀ ਦਾ ਧਿਆਨ ਪਿੰਡ ਕੀੜੀ ਅਫਗਾਨਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਇੱਕ ਸ਼ਰਾਬ ਦੀ ਫੈਕਟਰੀ ਦੁਆਰਾ ਭਾਰੀ ਮਾਤਰਾ ਵਿੱਚ ਰਹਿੰਦ-ਖੂੰਹਦ ਛੱਡਣ ਕਾਰਣ ਫੈਲਾਏ ਜਾ ਰਹੇ ਪ੍ਰਦੂਸ਼ਣ ਦਾ ਸਾਹਮਣਾ ਕਰਨ ਵੱਲ ਦਿਵਾਉਣਗੇ।

(ਨੰ: 5)

Attested
Superintendent
Punjab Vidhan Sabha
Chandigarh

**IV. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ**

**i) ਸਪੀਕਰ** ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ।

**ii) ਕਮੇਟੀ ਦਾ ਇੱਕ ਮੈਂਬਰ** ਪ੍ਰਸਤਾਵ ਕਰਨਗੇ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**V. ਰਿਪੋਰਟਾਂ ਪੇਸ਼ ਕਰਨਾ**

**ਸਭਾਪਤੀ,**
**ਵਿਸ਼ੇਸ਼ ਅਧਿਕਾਰ ਕਮੇਟੀ** ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਨਿਮਨਲਿਖਤ ਦੁਆਰਾ ਉਠਾਏ ਗਏ ਮਾਮਲਿਆਂ ਤੇ ਦੂਜੀ ਅੰਤ੍ਰਿਮ ਰਿਪੋਰਟ ਪੇਸ਼ ਕਰਨਗੇ:-

Scanned with CamScanner

I) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਵਿਰੁੱਧ

ii) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ, ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ ਵਿਰੁੱਧ

iii) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ, ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ ਵਿਰੁੱਧ

iv) ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ, ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ ਵਿਰੁੱਧ

ਅਤੇ

ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਵਿਰੁੱਧ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਸਬੰਧੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਅੰਤ੍ਰਿਮ ਰਿਪੋਰਟ ਪੇਸ਼ ਕਰਨਗੇ।

VI <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ</u>

| | |
|---|---|
| 1. ਇਕ ਮੰਤਰੀ | ਅਧਿਸੂਚਨਾ ਨੰ:ਐਸ.ਓ.49/ਸੀ.ਏ.22/2005/ਐਸ/24/2016, ਮਿਤੀ 7 ਜੂਨ, 2016 ਵਿੱਚ ਸੋਧਨਾ ਸਬੰਧੀ ਅਧਿਸੂਚਨਾ ਨੰ:ਐਸ.ਓ.11/ਸੀ.ਏ.22/2005/ਐਸ/24/2018, ਮਿਤੀ 16 ਫਰਵਰੀ, 2018 ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਸੂਚਨਾ ਅਧਿਕਾਰ ਐਕਟ, 2005 ਦੀ ਧਾਰਾ 29(2) ਅਧੀਨ ਲੋੜੀਂਦਾ ਹੈ। |
| 2. ਇਕ ਮੰਤਰੀ | ਸਾਲ 2015-16 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ 6ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ ਐਕਟ, 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ। |
| 3. ਇਕ ਮੰਤਰੀ | ਸਾਲ 2016-17 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21(4) ਅਧੀਨ ਲੋੜੀਂਦਾ ਹੈ। |
| 4. ਇਕ ਮੰਤਰੀ | ਸਾਲ 2015-16 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਟਿਡ ਦੀ 45ਵੀਂ ਸਾਲਾਨਾ ਰਿਪੋਰਟ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ। |
| 5. ਇਕ ਮੰਤਰੀ | ਸਾਲ 2014-15 ਅਤੇ 2015-16 ਲਈ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੀ 18ਵੀਂ ਅਤੇ 19ਵੀਂ ਸਾਲਾਨਾ ਰਿਪੋਰਟਾਂ ਅਤੇ ਲੇਖੇ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ। |
| 6. ਇਕ ਮੰਤਰੀ | ਸਾਲ 2014-15 ਲਈ ਪੰਜਾਬ ਵਿੱਤ ਕਾਰਪੋਰੇਸ਼ਨ ਚੰਡੀਗੜ੍ਹ ਦੀ 62ਵੀਂ ਸਾਲਾਨਾ ਰਿਪੋਰਟ ਮੇਜ਼ ਤੇ ਰੱਖਣਗੇ ਜਿਵੇਂ ਕਿ ਸਟੇਟ ਵਿੱਤ ਕਾਰਪੋਰੇਸ਼ਨ ਐਕਟ 1951 ਦੀ ਧਾਰਾ 37(7) ਅਧੀਨ ਲੋੜੀਂਦਾ ਹੈ। |

Attested

Superintendent
Punjab Vidhan Sabha
Chandigarh

Scanned with CamScanner

| | |
|---|---|
| 7. ਇਕ ਮੰਤਰੀ | ਸਾਲ 2014-15 ਲਈ ਪਟਿਆਲਾ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਮੇਜ ਤੇ ਰੱਖਣਗੇ ਜਿਵੇਂ ਕਿ ਪੰਜਾਬ ਰਿਜਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ। |
| 8. ਇਕ ਮੰਤਰੀ | ਸਾਲ 2015-16 ਲਈ ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਅਥਾਰਿਟੀ ਦੇ ਲੇਖਿਆਂ ਦੇ ਸਾਲਾਨਾ ਵਿਵਰਣ ਮੇਜ਼ ਤੇ ਰੱਖਣਗੇ ਜਿਵੇਂ ਕਿ ਪੰਜਾਬ ਰਿਜਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 53(5) ਅਧੀਨ ਲੋੜੀਂਦਾ ਹੈ। |
| 9. ਇਕ ਮੰਤਰੀ | ਸਾਲ 2013-14 ਲਈ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਿਡ ਦੀ 38ਵੀਂ ਸਾਲਾਨਾ ਰਿਪੋਰਟ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ। |

## VII ਵਿਧਾਨਕ ਕੰਮ-ਕਾਰ

| | | |
|---|---|---|
| 1. ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2018 | ਇੱਕ ਮੰਤਰੀ | ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2018 ਪੇਸ਼ ਕਰਨਗੇ।<br>ਇਹ ਵੀ ਪ੍ਰਸਤਾਵ ਕਰਨਗੇ ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।<br>ਇਹ ਪ੍ਰਸਤਾਵ ਕਰਨਗੇ ਤੇ ਬਿਲ ਪਾਸ ਕੀਤਾ ਜਾਵੇ। |

ਚੰਡੀਗੜ੍ਹ
24 ਅਗਸਤ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।

..............

Attested

Superintendent
Punjab Vidhan Sabha
Chandigarh

Scanned with CamScanner